# ਦਫਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ.ਨਗਰ(ਪੰਜਾਬ)।

ਵੱਲ,

ਸਮੂਹ ਸਕੂਲ ਮੁੱਖੀ,
ਪੰਜਾਬ।

ਪੱਤਰ ਨੰ: ਡੀ.ਜੀ.ਐਸ.ਈ./ਨਿਰੀਖਣ/2015 20819
ਮਿਤੀ: ਐਸ.ਏ.ਐਸ.ਨਗਰ 21-12-15

**ਵਿਸ਼ਾ: ਨਿਰੀਖਣ ਸਬੰਧੀ ਹਦਾਇਤਾਂ।**

0.1 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

0.2 ਲਿਖਿਆ ਜਾਂਦਾ ਹੈ ਕਿ ਸਕੂਲ ਦੇ ਸਲਾਨਾ ਨਿਰੀਖਣ ਦੇ ਅੰਤ ਵਿੱਚ ਸਕੂਲ ਮੁੱਖੀ ਦੀ ਪ੍ਰਧਾਨਗੀ ਹੇਠ ਸਮੂਹ ਅਧਿਆਪਕਾਂ ਦੀ ਮੀਟਿੰਗ ਕੀਤੀ ਜਾਵੇ। ਨਿਰੀਖਣ ਦੌਰਾਨ ਸਕੂਲ ਵਿੱਚ ਜਮਾਤਵਾਈਜ਼ ਅਤੇ ਵਿਸ਼ਾਵਾਈਜ਼ ਪਾਈਆਂ ਉਣਤਾਈਆਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇ ਅਤੇ ਇਹਨਾਂ ਉਣਤਾਈਆਂ ਨੂੰ ਮੌਕੇ ਤੇ ਹੀ ਹੱਲ ਕਰਨ ਦਾ ਵੱਧ ਤੋਂ ਵੱਧ ਯਤਨ ਕੀਤਾ ਜਾਵੇ।

0.3 ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਸਕੂਲ ਵਿੱਚ ਸਟਾਫ ਲਈ ਵੱਖਰੇ ਪਖਾਨੇ ਨਹੀ ਹੋਣੇ ਚਾਹੀਦੇ। ਪਖਾਨਿਆਂ ਤੇ ਕੇਵਲ ਲੜਕੀਆਂ ਲਈ ਅਤੇ ਲੜਕਿਆਂ ਲਈ ਹੀ ਲਿਖਿਆ ਹੋਣਾ ਚਾਹੀਦਾ ਹੈ। ਜਿਸਦੀ ਵਰਤੋਂ ਸਟਾਫ ਅਤੇ ਵਿਦਿਆਰਥੀ ਸਾਂਝੇ ਤੌਰ ਤੇ ਹੀ ਕਰਨਗੇ।

0.4 ਸਕੂਲਾਂ ਵਿੱਚ ਵਿਸ਼ਾਵਾਈਜ਼ ਅਤੇ ਜਮਾਤਵਾਈਜ਼ ਸਿਲੇਬਸ ਕਰਵਾਇਆ ਗਿਆ ਹੈ ਜਾਂ ਨਹੀ ਅਤੇ ਸਿਲੇਬਸ ਜਮਾਤ ਵਿੱਚ ਲੱਗਿਆ ਹੋਇਆ ਹੈ ਜਾਂ ਨਹੀ ਇਸ ਨੂੰ ਜਾਂਚ ਲਿਆ ਜਾਵੇ।

0.5 ਕਲਾਸਰੂਮ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਚਾਰਟ ਲੱਗੇ ਹੋਣੇ ਚਾਹੀਦੇ ਹਨ ਜੋ ਕਿ ਵਿਸ਼ਾ ਅਧਿਆਪਕ ਦੁਆਰਾ ਹਸਤਾਖਰਾਂ ਹਿੱਤ ਜਰੂਰ ਹੋਣੇ ਚਾਹੀਦੇ ਹਨ।

0.6 ਸਕੂਲ ਜਾਂ ਕਿਸੇ ਅਧਿਆਪਕ ਨੂੰ ਪ੍ਰਸ਼ੰਸਾ ਪੱਤਰ ਦੇਣ ਦੀ ਸਿਫਾਰਿਸ਼ ਕਰਨ ਸਮੇਂ ਉਸ ਦੀਆਂ ਪ੍ਰਾਪਤੀਆਂ ਸਬੰਧੀ ਪੂਰਾ ਕੇਸ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਜਾਵੇ।

0.7 ਨਿਰੀਖਣ ਦੌਰਾਨ ਇਹ ਵੀ ਦੇਖਿਆ ਜਾਵੇ ਕਿ ਕਲਾਸ ਵਿੱਚ ਅਧਿਆਪਕ ਆਪਣਾ ਫੋਨ ਦੀ ਵਰਤੋਂ ਤਾਂ ਨਹੀ ਕਰ ਰਿਹਾ।

0.8 ਨਿਰੀਖਣ ਦੌਰਾਨ ਇਹ ਚੈੱਕ ਕਰਨਾ ਜਰੂਰੀ ਬਣਾਇਆ ਜਾਵੇ ਕਿ RBSK ਅਧੀਨ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਸਹੀ ਵਰਤੋਂ ਹੋ ਰਹੀ ਹੈ ਜਾਂ ਨਹੀ।

ਕਰਮਜੀਤ ਸਿੰਘ
18/12/15

**ਡਿਪਟੀ ਡਾਇਰੈਕਟਰ (ਇੰਨਫੋਰਸਮੈਂਟ),**
**ਪੰਜਾਬ, ਐਸ.ਏ.ਐਸ, ਨਗਰ।**

ਪਿੱਠ ਅੰਕਣ:ਡੀ.ਜੀ.ਐਸ.ਈ./ਨਿਰੀਖਣ/2015 20819 ਮਿਤੀ 21-12-15

ਉਪਰੋਕਤ ਦਾ ਉਤਾਰਾ ਹੇਠ ਲਿਖੇ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

1. ਡੀ.ਪੀ.ਆਈ(ਸੈ.ਸਿ.), ਪੰਜਾਬ।
2. ਡੀ.ਪੀ.ਆਈ(ਐ.ਸਿ.), ਪੰਜਾਬ ।
3. ਡਾਇਰੈਕਟਰ(ਐਸ.ਸੀ.ਈ.ਆਰ.ਟੀ), ਪੰਜਾਬ।
4. ਡਿਪਟੀ ਐਸ.ਪੀ.ਡੀ.(ਮ), ਪੰਜਾਬ।
5. ਡਿਪਟੀ ਡਾਇਰੈਕਟਰ(ਐਸ.ਐਸ.ਏ), ਪੰਜਾਬ।
6. ਡਿਪਟੀ ਡਾਇਰੈਕਟਰ(ਆਦਰਸ਼/ਮਾਡਲ ਸਕੂਲ), ਪੰਜਾਬ।

ਕਰਮਜੀਤ ਸਿੰਘ
18/12/15

**ਡਿਪਟੀ ਡਾਇਰੈਕਟਰ (ਇੰਨਫੋਰਸਮੈਂਟ)**
**ਪੰਜਾਬ, ਐਸ.ਏ.ਐਸ, ਨਗਰ।**